# ਟੈਂਡਰ ਨੋਟਿਸ
## ਦਫਤਰ ਜਿਲਾ ਦਿਹਾਤੀ ਵਿਕਾਸ ਏਜੰਸੀ,
## ਅੰਮ੍ਰਿਤਸਰ।

ਨਿਮਨਹਸਤਾਖਰ ਵੱਲੋਂ ਨਾਮੀ/ਮਸ਼ਹੂਰ ਫਰਮਾਂ (Manufacturing source) ਜਾਂ ਉਹਨਾਂ ਦੇ ਅਧਿਕਾਰਿਤ ਡੀਲਰ/ਸਟਾਕਿਸਟਾਂ ਤੋਂ ਹੇਠ ਲਿਖੇ ਅਨੁਸਾਰ ISI/ ਮਾਰਕ ਸਿਲਾਈ ਮਸ਼ੀਨਾ ਦੀ ਖ੍ਰੀਦ ਕਰਨ ਦੇ ਲਈ ਮੋਹਰ ਬੰਦ ਟੈਂਡਰ ਮਿਤੀ 04.03.2016 ਨੂੰ ਮੰਗੇ ਜਾਂਦੇ ਹਨ। ਇਹ ਟੈਂਡਰ ਮਿਤੀ 04.03.2016 ਨੂੰ ਬਾਅਦ ਦੁਪਹਿਰ 12.30 ਵਜੇ ਤੱਕ ਲਏ ਜਾਣਗੇ ਅਤੇ ਉਸੇ ਦਿਨ ਬਾਅਦ ਦੁਪਹਿਰ 2:30 ਵਜੇ ਸਬੰਧਤ ਫਰਮਾਂ ਜਾਂ ਉਹਨਾਂ ਦੇ ਪ੍ਰਤੀਨਿਧਾਂ ਸਾਹਮਣੇ ਖੋਲੇ ਜਾਣਗੇ।

| ਆਇਟਮ | ਅਈਟਮਾਂ ਦੀ ਗਿਣਤੀ (ਯੂਨਿਟ) | ਪ੍ਰਤੀ ਯੂਨਿਟ ਸਪੈਸੀਫੀਕੇਸ਼ਨ | ਪ੍ਰਤੀ ਆਇਟਮ ਰਿਜ਼ਰਵ ਰੇਟ | ਅਰਨੈਸਟ ਮਨੀ (5%) |
|---|---|---|---|---|
| ਸਿਲਾਈ ਮਸ਼ੀਨਾਂ | 480 | ਟੇਲਰ ਮਾਡਲ | 2,244.00 | 53,070 |

<u>ਸ਼ਰਤਾਂ</u>

1. ਬਿਨੈਕਾਰ ਵੱਲੋਂ ਰਿਜ਼ਰਵ ਕੀਮਤ ਦੀ ਅਰਨੈਸਟ ਮਨੀ 5% ਦੇ ਹਿਸਾਬ ਨਾਲ ਬੈਂਕ ਡਰਾਫਟ/DAC ਰਾਹੀਂ ਜੋ ਕਿ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਅੰਮ੍ਰਿਤਸਰ ਦੇ ਹੱਕ ਵਿਚ ਹੋਵੇ, ਮੌਕੇ ਤੇ ਟੈਂਡਰ ਦੇ ਨਾਲ ਜਮ੍ਹਾ ਕਰਾਉਣੀ ਹੋਵੇਗੀ। ਜਿਸਦੀ ਵਾਪਸੀ ਟੈਂਡਰ ਅਲਾਟ ਹੋਣ ਉਪਰੰਤ ਸਮਾਨ ਦੀ ਸਪਲਾਈ ਕਰਨ ਤੋਂ 60 ਦਿਨ ਬਾਅਦ ਕੀਤੀ ਜਾਵੇਗੀ।
2. ਟੈਂਡਰ ਅਪਲਾਈ ਕਰਨ ਵਾਲੀਆਂ ਫਰਮਾਂ/ਅਧਿਕਾਰਿਤ ਡੀਲਰਾਂ/ਸਟਾਕਿਸਟਾਂ ਦੇ ਪਾਸ ਵੈਟ ਨੰਬਰ ਹੋਣਾ ਚਾਹੀਦਾ ਹੈ।
3. ਮਸ਼ੀਨਾਂ ਦੇ ਰੂਪ ਵਿਚ ਆਇਟਮਾਂ ਦੀ ਗਰੰਟੀ ਅਤੇ ਵਰੰਟੀ ਦਾ ਯੋਗ ਸਮਾਂ ਹੋਣਾ ਚਾਹੀਦਾ ਹੈ।
4. ਟੈਂਡਰ ਰੇਟ ਸਮੇਤ ਟੈਕਸ/ਵੈਟ ਹੋਣੇ ਚਾਹੀਦੇ ਹਨ।
5. ਜੇ ਟੈਂਡਰ ਵਾਲੇ ਦਿਨ ਸਰਕਾਰੀ ਛੁੱਟੀ ਹੋਵੇ ਤਾਂ ਟੈਂਡਰ ਅਗਲੇ ਦਿਨ ਖੋਲੇ ਜਾਣਗੇ।
6. ਨਿਮਨਹਸਤਾਖਰ ਸਾਰੇ ਟੈਂਡਰ ਜਾਂ ਕਿਸੇ ਵੀ ਟੈਂਡਰ ਨੂੰ ਬਿਨਾ ਕਾਰਨ ਦੱਸੇ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ।
7. ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਟੈਂਡਰ ਰੱਦ ਕਰ ਦਿਤੇ ਜਾਣਗੇ।
8. ਨਿਮਨਹਸਤਾਖਰ ਵੱਲੋਂ ਲੋਕ ਹਿੱਤ ਵਿਚ/ਸਰਕਾਰੀ ਰੁਝੇਵਿਆਂ ਕਾਰਨ ਟੈਂਡਰ ਖੋਲਣ ਦਾ ਸਮਾਂ ਪੋਸਟਪੋਨ ਵੀ ਕੀਤਾ ਜਾ ਸਕਦਾ ਹੈ।
9. ਟੈਂਡਰ ਅਲਾਟ ਹੋਣ ਤੇ ਸਬੰਧਤ ਫਰਮ ਵੱਲੋਂ ਸਪਲਾਈ 10 ਦਿਨਾਂ ਵਿਚ ਕਰਨੀ ਹੋਵੇਗੀ।
10. ਸਿਪਲਾਈ ਕੀਤੇ ਗਏ ਸਮਾਨ ਤੇ ਕਮਰਸ਼ੀਅਲ ਗਰੰਟੀ ਅਤੇ ਵਰੰਟੀ ਆਮ ਦੀ ਤਰਾਂ ਲਾਗੂ ਹੋਵੇਗੀ।
11. ਹਰੇਕ ਟੈਂਡਰਕਾਰ ਨੂੰ ਸਿਲਾਈ ਮਸ਼ੀਨ ਦਾ ਸੈਂਪਲ ਟੈਂਡਰ ਖੋਹਣ ਦੀ ਮਿਤੀ ਤੋਂ ਪਹਿਲਾਂ ਇਸ ਦਫਤਰ ਵਿਖੇ ਜਮਾਂ ਕਰਵਾਉਣਾ ਹੋਵੇਗਾ।
12. ਸਪਲਾਈ ਕੀਤੀਆਂ ਸਲਾਈ ਮਸ਼ੀਨਾ ਵਿੱਚੋਂ ਰੈਂਡਮ ਤੌਰ ਤੇ 5% ਦਾ ਨਰੀਖਣ ਵਿਭਾਗ ਵਲੋਂ ਕੀਤਾ ਜਾਵੇਗਾ।ਸੈਂਪਲ ਵਜੋਂ ਦਿੱਤੀ ਗਈ ਸਲਾਈ ਮਸ਼ੀਨ ਅਨੁਸਾਰ ਸਪਲਾਈ ਕੀਤੀਆਂ ਮਸ਼ੀਨਾਂ ਠੀਕ ਪਾਉਣ ਤੇ ਹੀ ਬਣਦੇ ਬਿੱਲ ਦੀ ਅਦਾਇਗੀ ਕੀਤੀ ਜਾਵੇਗੀ।
13. ਹਰੇਕ ਫਰਮ ਵੱਲੋਂ ਸਪੈਸੀਫਿਕੇਸ਼ਨਾਂ ਅਤੇ ਸ਼ਰਤਾਂ ਅਨੁਸਾਰ ਸਹੀ ਤਰੀਕੇ ਨਾਲ ਅਧੀਕਾਰਿਤ ਹਸਤਾਖਰਾਂ ਉਪਰੰਤ ਸਿਰਫ ਇਕ ਹੀ ਟੈਂਡਰ ਦੇਣਾ ਯੋਗ ਹੋਵੇਗਾ।
14. ਮਸ਼ੀਨਾਂ ਦੀ ਸਿਪਲਾਈ ਦਿੱਤੀ ਗਿਣਤੀ ਅਨੁਸਾਰ ਹੇਠ ਦਿੱਤੀਆਂ ਥਾਵਾਂ ਦੇ ਲਈ ਜਾਵੇਗੀ।
    ਬੀ.ਡੀ.ਪੀ.ਓ. ਦਫਤਰ ਮਜੀਠਾ 115 ਮਸ਼ੀਨਾਂ
    ਬੀ.ਡੀ.ਪੀ.ਓ. ਦਫਤਰ ਅਟਾਰੀ 120 ਮਸ਼ੀਨਾਂ
    ਬੀ.ਡੀ.ਪੀ.ਓ. ਦਫਤਰ ਤਰਸਿੱਕਾ 116 ਮਸ਼ੀਨਾਂ
    ਬੀ.ਡੀ.ਪੀ.ਓ. ਦਫਤਰ ਵੇਰਕਾ 122 ਮਸ਼ੀਨਾਂ
    ਐਟ ਰਾਣੀ ਕਾ ਬਾਗ, ਅੰਮ੍ਰਿਤਸਰ
15. ਗਰੰਟੀ/ਵਾਰੰਟੀ ਸਮੇਂ ਦੌਰਾਨ ਅਗਰ ਮਸ਼ੀਨ ਦੀ ਮੁਰੰਮਤ/ਮੈਨੂਫੈਕਚਰਿੰਗ ਡਿਫੈਕਟ ਕਾਰਨ ਬਦਲਾਉਣ ਦੀ ਲੋੜ ਪੈਂਦੀ ਹੈ ਤਾਂ ਟੈਡਰਕਾਰ ਇਹ ਸਰਵਿਸ ਮਸ਼ੀਨ ਸਪਲਾਈ ਕਰਨ ਵਾਲੀ ਸਥਾਨ ਤੇ ਦੇਵੇਗਾ।
16. ਸਪਲਾਈ ਕੀਤੀਆਂ ਜਾਣ ਵਾਲੀਆਂ ਮਸ਼ੀਨਾਂ ਦੀ ਗਿਣਤੀ ਸਰਕਾਰ ਦੇ ਆਦੇਸ਼ਾ ਨੂੰ ਧਿਆਨ ਵਿੱਚ ਰੱਖ ਕੇ ਵਧਾਈ ਘਟਾਈ ਜਾ ਸਕਦੀ ਹੈ।

**ਸਹੀ/-**

**ਵਧੀਕ ਡਿਪਟੀ ਕਮਿਸ਼ਨਰ** (ਵਿਕਾਸ),
ਜ਼ਿਲਾ ਦਿਹਾਤੀ ਵਿਕਾਸ ਏਜੰਸੀ,
ਜ਼ਿਲਾ ਪ੍ਰੀਸ਼ਦ ਕੰਪਲੈਕਸ,
ਅੰਮ੍ਰਿਤਸਰ।